ਤੀਜੀ ਵਿਸ਼ਵ ਪੰਜਾਬੀ ਕਾਨਫ਼ਰੰਸ, ਦੇਸ਼ ਭਗਤ ਯਾਦਗਾਰ ਹਾਲ, ਜਲੰਧਰ (15-18 ਫ਼ਰਵਰੀ 2007)

# ਕੌਮ ਦਾ ਸੰਕਲਪ ਅਤੇ ਪੰਜਾਬੀ ਕੌਮ ਦਾ ਵਿਕਾਸ

**ਹਰਕਿਸ਼ਨ ਸਿੰਘ ਮਹਿਤਾ, ਸਵਰਨਜੀਤ ਮਹਿਤਾ**

'ਕੌਮ' ਸ਼ਬਦ ਕਈ ਤਰ੍ਹਾਂ ਵਰਤਿਆ ਜਾਂਦਾ ਹੈ ਜਿਵੇਂ ਕਿ ਜੱਟ ਕੌਮ, ਮਹਾਜਨ ਕੌਮ, ਸਿੱਖ ਕੌਮ, ਪੰਜਾਬੀ ਕੌਮ, ਪਾਕਿਸਤਾਨੀ ਕੌਮ, ਭਾਰਤੀ ਕੌਮ ਆਦਿ। ਹੱਥਲੇ ਪਰਚੇ ਵਿਚ ਕੌਮ ਨੂੰ ਅੰਗਰੇਜ਼ੀ ਸ਼ਬਦ 'ਨੇਸ਼ਨ' ਦੀ ਤਰ੍ਹਾਂ ਵਰਤਿਆ ਗਿਆ ਹੈ।

ਅੰਗਰੇਜ਼ੀ ਭਾਸ਼ਾ ਵਿਚ ਤਿੰਨ ਸ਼ਬਦ Nation, State, Country ਜਿਨ੍ਹਾਂ ਨੂੰ ਅਸੀਂ ਕੌਮ, ਰਾਜ ਅਤੇ ਦੇਸ਼ ਕਹਿ ਸਕਦੇ ਹਾਂ, ਸਮਾਜ ਵਿਗਿਆਨ (Social Science) ਦੀ ਭਾਸ਼ਾ ਵਿਚ ਵੱਖ-ਵੱਖ ਅਰਥ ਰਖਦੇ ਹਨ ਭਾਵੇਂ ਆਮ ਵਰਤੋਂ ਦੀ ਭਾਸ਼ਾ ਵਿਚ ਇਨ੍ਹਾਂ ਤਿੰਨਾਂ ਲਫ਼ਜ਼ਾਂ ਨੂੰ ਸੰਕਲਪ ਦੇ ਤੌਰ 'ਤੇ ਸਮਝਣ ਵਿਚ ਕਾਫ਼ੀ ਰਲ-ਗੱਡ ਜੇਹੀ ਰਹਿੰਦੀ ਹੈ। ਇਸੇ ਲਈ ਸਮਾਜ ਵਿਗਿਆਨੀਆਂ ਨੂੰ ਦੋ ਸ਼ਬਦਾਂ ਦਾ ਜੋੜ nation State (ਕੌਮ-ਰਾਜ) ਵੀ ਵਰਤਣਾ ਪੈਂਦਾ ਹੈ।

## ਭਾਸ਼ਾਵਾਂ ਦੀ ਸੀਮਾ

ਅਜੋਕੀਆਂ ਭਾਸ਼ਾਵਾਂ ਇਤਿਹਾਸਕ ਉੱਨਤੀ ਕਰਦੀਆਂ ਇਕ ਐਸੇ ਪੜਾਅ 'ਤੇ ਪੁੱਜ ਗਈਆਂ ਹਨ ਕਿ ਉਹ ਕਿਸੇ ਇਕ ਮਨੁੱਖ ਜਾਂ ਮਨੁੱਖੀ ਸਮੂਹ ਦੇ ਨਾਲ ਗੰਭੀਰ, ਭਾਵੁਕ ਜਾਂ ਬੌਧਿਕ ਸੰਵਾਦ ਰਚਾ ਸਕਦੀਆਂ ਹਨ ਪਰ ਹੁਣ ਕੋਈ ਵੀ ਭਾਸ਼ਾ (ਅੰਗਰੇਜ਼ੀ ਸਮੇਤ ਜਿਹੜੀ 6 ਲੱਖ ਤੋਂ ਵੱਧ ਲਫ਼ਜ਼ ਅਪਣੀ ਬੁੱਕਲ ਵਿਚ ਲਈ ਫ਼ਿਰਦੀ ਹੈ, ਆਮ ਸੰਚਾਰ ਵਿਚ ਕਿਸੇ ਇਕ ਸ਼ਬਦ ਦੇ ਇਕ ਹੀ ਅਰਥ ਨਹੀਂ ਦਿੰਦੀ। ਹੁਣ ਸਿਆਸੀ- ਸਮਾਜਕ-ਆਰਥਿਕ ਅਮਲ 'ਤੇ ਉਨ੍ਹਾਂ ਦੀ ਸ਼ਬਦਾਵਲੀ ਏਨੀ ਵਾਰੀ ਸਾਡੇ ਸਾਹਮਣੇ ਆਉਂਦੀ ਹੈ ਕਿ ਸਮਾਜ-ਵਿਗਿਆਨੀ ਸਾਹਿਤ ਵਿਚ ਸੰਕਲਪਾਂ ਨੂੰ ਸਮਝਣ ਲਈ ਔਕੜ ਬਣ ਜਾਂਦੀ ਹੈ। ਇਹ ਦਿੱਕਤ ਕੌਮ ਦੇ ਸੰਕਲਪ ਨੂੰ ਸਮਝਣ ਵਿਚ ਬਹੁਤ ਮਹਿਸੂਸ ਹੁੰਦੀ ਹੈ। ਮਨੁੱਖੀ ਸੰਸਾਰ ਵਿਚ ਸੰਚਾਰ ਕੇਵਲ ਆਪਣੀ ਅਜੋਕੀ ਪਹਿਲੀ ਜ਼ੁਬਾਨ (First Language) ਵਿਚ ਹੀ ਨਹੀਂ ਹੁੰਦਾ, ਪੁਰਾਣੀਆਂ ਅਤੇ ਗੁਆਂਢੀ ਜਾਂ ਬੇਗਾਨੀਆਂ ਜ਼ੁਬਾਨਾਂ ਵੀ ਵਰਤੋਂ ਵਿਚ ਆਉਂਦੀਆਂ ਰਹਿੰਦੀਆਂ ਹਨ।

ਭਾਰੂ ਸਿਆਸੀ ਆਰਥਿਕਤਾ (Dominant Political Economy) ਲਫ਼ਜ਼ਾਂ ਦਾ ਭਾਵੁਕ ਪੱਖ ਇੰਨਾ ਪੀਡਾ ਕਰ ਦਿੰਦੀ ਹੈ ਕਿ ਬੌਧਿਕ ਅਮਲ ਵਿਚ ਰੁਕਾਵਟ ਬਣ ਜਾਂਦੀ ਹੈ। 1947 ਤੋਂ ਪਹਿਲਾਂ ਅਸੀਂ ਜੇ ਭਾਰਤ ਨੂੰ ਬਹੁ ਕੌਮੀ ਖਿੱਤਾ ਮੰਨ ਵੀ ਲੈਂਦੇ ਤਾਂ ਵੀ ਭਾਵੁਕ ਅਸਰ ਵਾਲਾ ਸ਼ਬਦ 'ਰਾਸ਼ਟਰ' ਸਾਡੇ ਕੋਲ ਸੀ ਜਿਸ ਦੇ ਖੰਡਨ ਨੇ ਸਾਨੂੰ ਐਨਾ ਪ੍ਰਭਾਵਤ ਕੀਤਾ ਕਿ ਪਾਕਿਸਤਾਨ ਵਿਚ ਵਸਦੇ ਪੰਜਾਬੀ ਵੱਡੇ ਭਾਰਤ ਤੋਂ ਡਰਦੇ ਹਾਲੇ ਤਾਈਂ ਅਪਣੀ ਪੰਜਾਬੀ ਜ਼ੁਬਾਨ ਨੂੰ ਅਪਨਾਉਣ ਅਤੇ ਵਿਕਾਸ ਕਰਨ ਦੇ ਰਾਹ ਵੀ ਬਹੁਤ ਘੱਟ ਤੁਰੇ ਹਨ। ਪਾਕਿਸਤਾਨੀ ਪੰਜਾਬ ਵਿਚ ਅਜੇ ਵੀ ਭਾਰਤ-ਰਾਸ਼ਟਰ ਦੇ ਡਰ ਮਾਰੇ ਫ਼ਾਰਸੀ ਅਤੇ ਉਸ ਤੋਂ ਵੱਧ ਉਰਦੂ ਦਾ ਬੋਲ ਬਾਲਾ ਹੈ। ਹਾਲਾਂਕਿ ਇਹ ਜ਼ੁਬਾਨਾਂ ਪੰਜਾਬੀ ਜ਼ੁਬਾਨ ਦੇ ਵਿਕਾਸ ਦੇ ਇਕ ਪੜਾਅ 'ਤੇ ਕਾਫ਼ੀ ਕਾਰ-ਆਮਦ ਸਾਬਤ ਹੋਈਆਂ ਹਨ ਪਰ ਅਜੋਕੇ ਸਮੇਂ ਵਿਚ ਦਿਹਾਤੀ ਪੰਜਾਬੀਆਂ ਦੀ ਬੌਧਿਕ ਸਮਰੱਥਾ ਨੂੰ ਵਧਾਉਣਾ ਅਤੇ ਵਰਤੋਂ ਵਿਚ ਲਿਆਉਣਾ ਤਾਂ ਕੇਵਲ ਤੇ ਕੇਵਲ ਪੰਜਾਬੀ ਨਾਲ ਹੀ ਹੋਵੇਗਾ। ਇਹ ਕੰਮ ਉਰਦੂ-ਫ਼ਾਰਸੀ ਇੱਕੀਵੀਂ ਸਦੀ ਦਾ ਹਾਣੀ ਮਨੁੱਖ ਨਹੀਂ ਬਣਾ ਸਕਦੀਆਂ।

## ਨਵਾਂ ਯੁਗ ਅਤੇ ਕੌਮ

ਕੌਮ ਜਾਂ ਨੇਸ਼ਨ ਦਾ ਸੰਕਲਪ ਸੰਸਾਰ ਪੱਧਰ 'ਤੇ ਸਰਮਾਏਦਾਰੀ ਅਤੇ ਵਧਦੀ ਜਮਹੂਰੀਅਤ ਨਾਲ ਹੀ ਉਭਰਦਾ ਹੈ। ਇਸ ਕਲਯੁਗੀ ਮੁਕਾਬਲੇਬਾਜ਼ੀ ਦੇ ਦੌਰ ਵਿਚ ਸਭਿਆਚਾਰਕ ਕੌਮਾਂ ਬਣਦੀਆਂ ਹਨ। ਗੁਜ਼ਾਰਾ ਸਭਿਆਚਾਰ (subsistence culture) ਵਿਚ ਵਸਦੇ ਜਗੀਰੂ ਕਬੀਲੇ ਵੱਡੇ ਅਮੀਰ ਸਭਿਆਚਾਰ ਉਸਾਰਣ ਤੇ ਮਾਨਣ ਲਈ ਇਕੱਠੇ ਹੁੰਦੇ ਹਨ, ਜਿਵੇਂ ਜਰਮਨੀ ਵਿਚ ਹੋਇਆ ਜਾਂ ਵੱਡੇ ਸਾਮਰਾਜ ਟੁੱਟਦੇ ਹਨ, ਜਿਹੜਾ ਕਾਰਜ ਰੋਮ ਦੀ ਟੁੱਟ-ਭੱਜ ਤੋਂ ਹੀ ਸ਼ੁਰੂ ਹੋ ਗਿਆ ਸੀ। ਪੱਛਮੀ

ਏਸ਼ੀਆ ਵਿਚ ਸਰਮਾਏਦਾਰੀ ਬੜੀ ਪਛੜ ਕੇ ਅੰਗਰੇਜ਼ੀ ਰਾਜ ਵੇਲੇ ਥੋੜੇ-ਥੋੜੇ ਹਿੱਸਿਆਂ ਵਿਚ ਵਧੀ। ਜਦੋਂ ਅੰਗਰੇਜ਼ ਭਾਰਤ ਛੱਡ ਕੇ ਜਾਣ ਦੀਆਂ ਤਿਆਰੀਆਂ ਵਿਚ ਸਨ, ਮੁਸ਼ਕਲ ਨਾਲ ਕੁੱਝ ਕੁ ਅਜੋਕੀਆਂ ਭਾਸ਼ਾਵਾਂ ਹੀ ਟਕਸਾਲੀ ਬਣ ਸਕੀਆਂ ਸਨ। ਅੰਗਰੇਜ਼ ਜਾਂ ਹੋਰ ਯੂਰਪੀ ਵਿਦਵਾਨ ਜਿਵੇਂ ਕਿ ਮੈਕਸਮੂਲਰ ਜਿਹੜੇ ਈਸਟ ਇੰਡੀਆ ਕੰਪਨੀ ਦੇ ਨੌਕਰ ਸਨ ਨੇ ਇੰਡੀਅਨ ਨੇਸ਼ਨ ਜਾਂ ਦੇਸੀ ਵਿਦਵਾਨਾਂ ਨੇ 'ਭਾਰਤੀ ਰਾਸ਼ਟਰ' ਹੀ ਬਣਾਉਣਾ ਸੀ। ਉਸ ਸਮੇਂ ਤਕ ਪੰਜਾਬੀ ਕੌਮ ਦੇ ਸੰਕਲਪ ਦਾ ਉਭਰਨਾ ਕਾਫ਼ੀ ਮੁਸ਼ਕਲ ਗੱਲ ਸੀ। ਉਦੋਂ ਪੁਰਾਣੇ ਵੈਦਿਕ ਕਾਲ ਦੀ ਗਾਥਾ ਦੀ ਸਹਾਇਤਾ ਨਾਲ ਭਾਰਤ ਦਾ ਸੰਕਲਪ ਹਿੰਦੂ ਧਰਮ ਨਾਲ ਰਲ-ਗੱਡ ਹੋਣਾ ਹੀ ਸੀ ਅਤੇ ਜਦੋਂ ਮੁਸਲਿਮ ਪੁਨਰ ਜਾਗ੍ਰਿਤੀ ਵੀ ਹੋਣ ਲੱਗੀ ਤਾਂ ਪਾਕਿਸਤਾਨ ਕੌਮ (ਪਵਿੱਤਰ ਆਦਮੀਆਂ ਦੀ ਕੌਮ) ਦਾ ਸੰਕਲਪ ਵੀ ਉਭਰ ਖੜਾ ਹੋਇਆ।

ਕੌਮ (ਨੇਸ਼ਨ) ਦਾ ਸੰਕਲਪ ਮੁਢਲੇ ਤੌਰ 'ਤੇ ਸਭਿਆਚਾਰਕ ਸੰਕਲਪ ਹੈ। ਸਭਿਆਚਾਰ ਅਪਣੇ ਆਪ ਵਿਚ ਇਕ ਮਹਾਨ ਸੰਕਲਪ ਹੈ, ਜਿਸ ਵਿਚ ਸਾਡਾ ਉਠਣਾ-ਬੈਠਣਾ, ਖਾਣਾ-ਪੀਣਾ, ਗਾਉਣਾ-ਵਜਾਉਣਾ, ਹਸਣਾ-ਰੋਣਾ, ਚੱਜ-ਆਚਾਰ, ਲੜਨਾ-ਭਿੜਨਾ, ਪਿਆਰ-ਮੁਹੱਬਤ, ਗੱਲ ਕੀ ਸਾਡੀ ਸੋਚਣੀ ਅਤੇ ਕਰਨੀ ਸੱਭ ਕੁੱਝ ਸ਼ਾਮਲ ਹੈ। ਜਦ ਕਈ ਕਬੀਲੇ ਰਲ ਕੇ ਇਕ ਅਮੀਰ ਸਭਿਆਚਾਰ ਰਚ ਲੈਂਦੇ ਹਨ ਤਾਂ ਹੀ ਉਹ ਇਕ ਕੌਮ ਦਾ ਰੁਤਬਾ ਹਾਸਲ ਕਰਦੇ ਹਨ ਅਤੇ ਸਰਮਾਏਦਾਰੀ ਦੇ ਮੁਕਾਬਲੇਬਾਜ਼ੀ ਦੇ ਯੁਗ ਵਿਚ ਸਫ਼ਲਤਾ ਨਾਲ ਦਾਖ਼ਲ ਹੁੰਦੇ ਹਨ। ਇਹ ਅਮਲ ਬਹੁਤ ਸਾਰੇ ਲੋਕਾਂ ਦੀ ਭਾਵੁਕ ਅਤੇ ਬੌਧਿਕ ਸਾਂਝ ਵਿਚੋਂ ਸਿਰੇ ਚੜ੍ਹਦਾ ਹੈ। ਵੱਖ-ਵੱਖ ਕੌਮਾਂ ਵਿਚ ਸਭਿਆਚਾਰਕ ਸਾਂਝਾਂ ਵੀ ਹੁੰਦੀਆਂ ਹਨ ਅਤੇ ਵਖਰੇਵੇਂ ਵੀ। ਵਖਰੇਵਿਆਂ ਦੇ ਆਧਾਰ 'ਤੇ ਹੀ ਵੱਖ-ਵੱਖ ਕੌਮਾਂ ਦੀ ਪਹਿਚਾਣ ਬਣਦੀ ਹੈ। ਇਹ ਬਿਲਕੁਲ ਜ਼ਰੂਰੀ ਨਹੀਂ ਕਿ ਵੱਡੇ ਪਰਵਾਰ ਵਿਚੋਂ ਨਿਕਲੀਆਂ ਕੌਮਾਂ ਕਿਸੇ ਟਕਰਾਅ ਵਿਚੋਂ ਹੀ ਨਿਕਲਣ ਜਿਵੇਂ ਹੁਣੇ ਹੁਣੇ ਸੋਵੀਅਤ ਸੰਘ ਵਿਚ ਸਮਾਜਵਾਦ ਤਜਣ ਸਮੇਂ ਕਈ ਨਵੇਂ ਕੌਮੀ ਰਾਜ ਸਾਡੇ ਸਾਹਮਣੇ ਆਏ। ਇਹ ਸ਼ਾਇਦ ਇਸ ਲਈ ਹੋਇਆ ਕਿਉਂਕਿ ਸਮਾਜਵਾਦੀ ਵਿਚਾਰਧਾਰਾ ਵਿਚ ਭਾਸ਼ਾਈ ਕੌਮਾਂ ਦੇ ਸਿਧਾਂਤ ਨੂੰ ਮਾਰਕਸ ਤੋਂ ਲੈ ਕੇ ਲੈਨਿਨ ਤਕ ਸ਼ਿੱਦਤ ਨਾਲ ਸਮਝਿਆ ਤੇ ਨਿਭਾਇਆ ਗਿਆ। ਜੇ ਨਵੇਂ ਕੌਮੀ ਰਾਜ ਵੱਡੇ ਸਾਂਝੇ ਪਰਵਾਰ ਵਿਚੋਂ ਸ਼ਰੀਕੇਬਾਜ਼ੀ ਕਰ ਕੇ ਵੱਖ ਹੁੰਦੇ ਹਨ ਜਿਵੇਂ ਕਿ 1947 ਤੋਂ ਬਾਅਦ ਦਾ ਭਾਰਤ ਅਤੇ ਪਾਕਿਸਤਾਨ ਤਾਂ ਦੋਵੇਂ ਇਕ ਦੂਜੇ ਦੇ ਰਕੀਬ ਵੀ ਬਣ ਸਕਦੇ ਹਨ ਜਿਵੇਂ ਲਗਭਗ 60 ਸਾਲ ਅਜਿਹੀ ਖਿੱਚੋਤਾਣ ਵਿਚੋਂ ਇਹ ਦੋਵੇਂ ਦੇਸ਼ ਲੰਘੇ ਹਨ। ਹੋ ਇਹ ਵੀ ਸਕਦਾ ਹੈ, ਜਿਸ ਦੇ ਥੋੜ੍ਹੇ-ਥੋੜ੍ਹੇ ਆਸਾਰ ਦਿਸ ਰਹੇ ਹਨ ਕਿ ਰਕੀਬ ਨਾ ਰਹਿ ਕੇ ਰਫ਼ੀਕ ਬਣ ਜਾਣ ਅਤੇ 21ਵੀਂ ਸਦੀ ਨੂੰ ਏਸ਼ੀਆ ਦੀ ਸਦੀ ਬਣਾਉਣ ਵਿਚ ਮੁੱਖ ਭੂਮਿਕਾ ਨਿਭਾਉਣ।

ਇਤਿਹਾਸਕ ਅਮਲ ਵਿਚ ਵੇਖਿਆ ਗਿਆ ਹੈ ਕਿ ਧਰਮ ਅਤੇ ਭਾਸ਼ਾ ਜਾਂ ਦੋਵੇਂ ਰਲ ਕੇ ਵੱਖ-ਵੱਖ ਕੌਮਾਂ ਦਾ ਆਧਾਰ ਬਣਦੀਆਂ ਆਈਆਂ ਹਨ ਕਿਉਂਕਿ ਇਹ ਦੋਵੇਂ ਭਾਵੁਕ ਅਤੇ ਬੌਧਿਕ ਸਾਂਝ/ਵਖਰੇਵੇਂ ਦੀ ਸੱਭ ਤੋਂ ਵੱਧ ਅਹਿਮ ਇਕਾਈਆਂ ਹਨ। ਜਰਮਨ ਭਾਸ਼ੀ ਲੋਕਾਂ ਦੇ ਇਤਿਹਾਸਕ ਤਜਰਬੇ ਤੋਂ ਇਹ ਗੱਲ ਚੰਗੀ ਤਰ੍ਹਾਂ ਸਮਝ ਆ ਸਕਦੀ ਹੈ। ਕਈ ਜਰਮਨ ਕਬੀਲਿਆਂ ਨੇ ਸਮੁੰਦਰੋਂ ਪਾਰ ਇੰਗਲੈਂਡ ਦੇ ਕਈ ਹਿੱਸਿਆਂ 'ਤੇ ਕਬਜ਼ਾ ਕਰ ਕੇ ਅੰਗਰੇਜ਼ੀ ਜ਼ੁਬਾਨ ਅਤੇ ਸਭਿਆਚਾਰ ਦੇ ਮੁੱਢਲੇ ਦੌਰ ਵਿਚ ਤਾਂ ਹਿੱਸਾ ਪਾਇਆ ਪਰ ਜਰਮਨੀ ਦੇਸ਼ ਅਤੇ ਜਰਮਨ ਭਾਸ਼ਾ ਜਰਮਨ ਕਬੀਲਿਆਂ ਦੀ ਅਪਣੀ ਭਾਵੁਕ ਅਤੇ ਬੌਧਿਕ ਸਾਂਝ ਨਾਲ ਹੀ ਪਰਵਾਨ ਚੜ੍ਹੀ। ਦੂਜੇ ਪਾਸੇ ਆਸਟ੍ਰੀਆ-ਹੰਗਰੀ ਸਾਮਰਾਜ ਟੁਟਣ ਨਾਲ ਆਸਟ੍ਰਰੀਆ ਰਿਹਾ ਤਾਂ ਜਰਮਨ ਭਾਸ਼ੀ ਪਰ ਉਹ ਨਾਂ ਤਾਂ ਜਰਮਨ ਕਹਾਉਣਾ ਚਾਹੁੰਦਾ ਹੈ ਅਤੇ ਨਾ ਹੀ ਜਰਮਨੀ ਵਿਚ ਰਲਣਾ। ਇਹ ਠੀਕ ਹੈ ਕਿ ਤਾਰੀਖੀ ਅਮਲ ਨੇ ਦੋ ਵੱਖਰੇ ਦੇਸ਼ ਬਣਾ ਦਿਤੇ ਅਤੇ ਹੁਣ ਵੀ ਉਹ ਵੱਖਰੇ ਹਨ। ਇਸ ਵੱਖਰੇਪਣ ਪਿਛੇ ਧਾਰਮਿਕ ਕਾਰਨ ਵੀ ਹੈ। ਜਰਮਨੀ ਤਾਂ ਬਹੁਤ ਸਾਰਾ ਪ੍ਰੋਟੈਸਟੈਂਟ ਚਰਚ ਦਾ ਹਾਮੀ ਹੈ ਅਤੇ ਆਸਟ੍ਰੀਆ ਰੋਮਨ ਕੈਥੋਲਿਕ ਚਰਚ ਦਾ। ਨਵੇਂ ਯੂਰਪ-ਏਕੀਕਰਣ ਦੇ ਨਵੇਂ ਅਮਲ ਵਿਚ ਕੀ ਵਾਪਰਦਾ ਹੈ, ਇਹ ਹਾਲੇ ਸੋਚ ਸਕਣਾ ਔਖਾ ਹੈ ਕਿਉਂਕਿ ਸਿਆਸਤ ਅੱਗੇ ਕਿਵੇਂ ਤੁਰਦੀ ਹੈ ਇਹ ਹਮੇਸ਼ਾ ਹੀ ਔਖਾ ਸਵਾਲ ਹੁੰਦਾ ਹੈ।

## ਧਰਮ, ਭਾਸ਼ਾ ਅਤੇ ਕੌਮ

ਧਰਮ ਅਤੇ ਭਾਸ਼ਾ ਦੋਵੇਂ ਮਨੁੱਖ ਦੀ ਭਾਵੁਕਤਾ ਦਾ ਹਿੱਸਾ ਹੁੰਦੇ ਹਨ ਪਰ ਭਾਸ਼ਾ ਇਕ ਗੱਲੋਂ ਹੋਰ ਵੀ ਸਮਰੱਥ ਹੁੰਦੀ ਹੈ। ਇਹ ਕਈ ਮਨੁੱਖਾਂ ਦੇ ਆਪਸੀ ਵਿਚਾਰ ਵਟਾਂਦਰੇ ਦਾ ਮਾਧਿਅਮ ਹੋਣ ਕਰ ਕੇ ਮਨੁੱਖਾਂ ਦੀ ਬੌਧਿਕਤਾ ਨੂੰ ਤਾਕਤਵਰ ਬਣਾਉਂਦੀ ਹੈ। ਮਨੁੱਖੀ ਵਿਕਾਸ ਵਿਚ ਬੌਧਿਕਤਾ ਦਾ ਵਧਣਾ ਬਹੁਤ ਅਹਿਮ ਮਸਲਾ ਹੈ। ਇਸੇ ਲਈ ਜਿਹੜੀਆਂ ਕੌਮਾਂ ਆਪਣੀ ਭਾਸ਼ਾ ਵਿਕਸਿਤ ਕਰ ਕੇ ਆਪਣੀ ਬੌਧਿਕ ਸ਼ਕਤੀ ਨਹੀਂ ਵਧਾਉਂਦੀਆਂ ਉਹ ਦੂਜੀਆਂ ਕੌਮਾਂ ਨਾਲੋਂ ਪਛੜ ਜਾਂਦੀਆਂ ਹਨ।

ਆਇਰਲੈਂਡ ਧਰਮ ਦੇ ਆਧਾਰ ’ਤੇ ਬਣਿਆ ਪਰ ਅਪਣੀ ਭਾਸ਼ਾ ਦਾ ਵਿਕਾਸ ਅਤੇ ਵਰਤੋਂ ਨਾ ਕਰਨ ਕਰ ਕੇ ਇੰਗਲੈਂਡ ਤੋਂ ਕਿੰਨਾ ਹੀ ਪਿਛੇ ਰਹਿ ਗਿਆ। ਉਤਰੀ ਆਇਰਲੈਂਡ ਅਤੇ ਸਕਾਟਲੈਂਡ ਵੀ ਅਪਣੀ ਭਾਸ਼ਾ ਨੂੰ ਤਿਆਗ ਕੇ ਅੰਗਰੇਜ਼ੀ ਦੇ ਲੜ ਲੱਗੇ ਪਰ ਇੰਗਲੈਂਡ ਤੋਂ ਹਰ ਪਖੋਂ ਪਿਛੇ ਹਨ। ਜਰਮਨੀ, ਫ਼ਰਾਂਸ, ਜਾਪਾਨ, ਸਵੀਡਨ, ਨਿੱਕਾ ਜਿਹਾ ਨਾਰਵੇ ਆਪਣੀਆਂ ਭਾਸ਼ਾਵਾਂ ਦਾ ਵਿਕਾਸ ਅਤੇ ਵਰਤੋਂ ਕਰ ਕੇ ਕਿਥੋਂ ਦੇ ਕਿਥੇ ਜਾ ਪਹੁੰਚੇ ਹਨ।

ਪਾਕਿਸਤਾਨ ਧਰਮ ਦੇ ਆਧਾਰ ’ਤੇ ਬਣਿਆ ਪਰ ਬਹੁਤੀ ਦੇਰ ਤਕ ਇਕ ਦੇਸ਼-ਕੌਮ ਨਾ ਰਹਿ ਸਕਿਆ ਅਤੇ ਨਾ ਹੀ ਬਹੁਤਾ ਵਿਕਾਸ ਕਰ ਸਕਿਆ ਹੈ। ਭਾਰਤ ਵੀ ਅੰਗਰੇਜ਼ੀ ਭਾਸ਼ਾ ਦੇ ਪਿਛੇ ਪਿਆ ਹੋਇਆ ਹੈ ਪਰ ਚੀਨ ਤੋਂ ਪਿਛੇ ਰਹਿ ਗਿਆ ਹੈ। ਭਾਰਤੀ ਪੰਜਾਬ ਵਿਚ ਪੰਜਾਬੀ ਭਾਸ਼ਾ ਦਾ ਕੁੱਝ ਵਿਕਾਸ ਹੋਇਆ ਹੈ ਅਤੇ ਇਹ ਨਵੀਂ ਖੇਤੀ ਤਕਨਾਲੋਜੀ ਨੂੰ ਕਿਸਾਨਾਂ ਤਕ ਲੈ ਜਾਣ ਕਰ ਕੇ ਖੇਤੀ ਵਿਚ ਤਾਂ ਚੌਖੀ ਤਰੱਕੀ ਕਰ ਸਕਿਆ ਹੈ। ਪਾਕਿਸਤਾਨੀ ਪੰਜਾਬ ਵਿਚ ਖੇਤੀ ਖੇਤਰ ਨੇ ਭਾਰਤੀ ਪੰਜਾਬ ਨਾਲੋਂ ਘੱਟ ਤਰੱਕੀ ਕੀਤੀ ਹੈ।

ਮਲਿਆਲੀ ਭਾਸ਼ਾ ਬੋਲਣ ਵਾਲੇ ਕੇਰਲਾ ਨਿਵਾਸੀ ਹਿੰਦੂ, ਮੁਸਲਮਾਨ ਅਤੇ ਈਸਾਈ ਇਕ ਭਾਸ਼ਾਈ ਕੌਮ ਬਣਨ ਵਿਚ ਸਫ਼ਲ ਹੋ ਗਏ ਹਨ ਅਤੇ ਬੌਧਿਕ ਖੇਤਰ ਵਿਚ ਦਖਣੀ ਏਸ਼ੀਆ ਵਿਚ ਸੱਭ ਤੋਂ ਮੂਹਰਲੀ ਥਾਂ ’ਤੇ ਪੁਜ ਗਏ ਹਨ। ਉਥੇ ਮਜ਼ਹਬੀ ਫ਼ਸਾਦ ਵੀ ਘੱਟ ਹੀ ਸੁਣੀਂਦੇ ਹਨ। ਜੇ 1947 ਦੀ ਵੰਡ ਵੇਲੇ ਪੰਜਾਬ ਅਤੇ ਬੰਗਾਲ ਦੀ ਵੰਡ ਨੂੰ ਵੇਖੀਏ ਤਾਂ ਜੋ ਕਤਲੋ-ਗਾਰਤ ਦੋਵੇਂ ਪਾਸੇ ਦੇ ਪੰਜਾਬੀਆਂ ਨੇ ਵੇਖੀ ਤੇ ਕੀਤੀ, ਉਹ ਬੰਗਾਲੀਆਂ ਨੇ ਨਹੀਂ ਕੀਤੀ। ਪਛਮੀ ਬੰਗਾਲ ਵਿਚ ਕਾਫ਼ੀ ਮੁਸਲਮਾਨ ਹਾਲੇ ਵੀ ਵਸਦੇ ਹਨ ਅਤੇ ਹਿੰਦੂ ਬੰਗਲਾ ਦੇਸ਼ ਵਿਚ। ਇਸ ਦੇ ਉਲਟ ਦੋਵੇਂ ਪੰਜਾਬਾਂ ਵਿਚੋਂ ਘੱਟ ਗਿਣਤੀਆਂ ਦਾ ਤਾਂ ਸਫ਼ਾਇਆ ਹੋ ਗਿਆ ਹੈ। ਬੰਗਾਲੀ ਕੌਮ ਪੰਜਾਬੀ ਕੌਮ ਨਾਲੋਂ ਜ਼ਿਆਦਾ ਇੱਕ-ਮੁੱਠ ਸਾਬਤ ਹੋਈ। ਜੋ ਗੱਲ ਮਲਿਆਲੀਆਂ, ਬੰਗਾਲੀਆਂ ਬਾਰੇ ਦਰੁਸਤ ਹੈ ਅਤੇ ਅਤੇ ਹੁਣ ਸ਼ਾਇਦ ਪੰਜਾਬੀਆਂ ਬਾਰੇ ਵੀ ਹੋਣ ਜਾ ਰਹੀ ਹੈ, ਉਹ ਦੂਜੀਆਂ ਦਖਣੀ ਕੌਮਾਂ ਬਾਰੇ ਵੀ ਦਰੁਸਤ ਹੈ। 1947 ਵਿਚ ਉਤਰੀ ਭਾਰਤ ਵਿਚ ਤਾਂ ਹਿੰਦੂ/ਸਿੱਖ/ਮੁਸਲਮਾਨ ਭਾਰਤ ਜਾਂ ਪਾਕਿਸਤਾਨ ਵਿਚ ਵੰਡੇ ਗਏ ਪਰ ਤਾਮਿਲ, ਤੇਲਗੂ, ਕੰਨੜ ਲੋਕਾਂ ਵਿਚੋਂ ਪਾਕਿਸਤਾਨ ਵਿਚ ਸ਼ਾਇਦ ਕੋਈ ਇਕਾ-ਦੁੱਕਾ ਹੀ ਗਿਆ ਹੋਵੇ।

## ਭਾਸ਼ਾ, ਨਜ਼ਮ ਅਤੇ ਨਸਰ

ਭਾਸ਼ਾ ਅਤੇ ਉਪ ਭਾਸ਼ਾ ਦੇ ਭੇਦ ਨੂੰ ਸਮਝਣਾ ਲਾਜ਼ਮੀ ਹੈ ਕਿਉਂ ਜੋ ਦੋਵੇਂ ਕਈ ਵਾਰ ਯਕ-ਮਹਿਨੀ (synonym) ਜੇਹੀਆਂ ਜਾਪਦੀਆਂ ਹਨ। ਦੋਹਾਂ ਵਿਚ ਕਵਿਤਾ (ਨਜ਼ਮ) ਤਾਂ ਲਿਖੀ ਹੀ ਜਾਂਦੀ ਹੈ ਪਰ ਨਸਰ (ਵਾਰਤਕ) ਬਹੁਤੀ ਨਹੀਂ। ਸੁੰਦਰ ਸਾਹਿਤ (Aesthetic literature) ਸ਼ੁਰੂ ਸ਼ੁਰੂ ਵਿਚ ਸਿਰਫ਼ ਨਜ਼ਮ ਵਿਚ ਹੀ ਮਿਲਦਾ ਹੈ, ਲਗਭਗ ਹਰ ਭਾਸ਼ਾ ਵਿਚ। ਮਗਰੋਂ ਨਸਰ ਦਾ ਸਾਹਿਤ ਰਚਿਆ ਜਾਣ ਲਗਦਾ ਹੈ। ਕੋਈ ਉਪ ਭਾਸ਼ਾ ਜਾਂ ਬੋਲੀ ਜੇਕਰ ਚੋਖਾ ਨਸਰ ਸਾਹਿਤ (prose literature) ਲਿਖਣ, ਸਮਝਣ ਵਿਚ ਸਫ਼ਲ ਹੋ ਜਾਵੇ ਤਾਂ ਉਹ ਆਪ ਹੀ ਭਾਸ਼ਾ ਬਣ ਜਾਂਦੀ ਹੈ। ਕਿਸੇ ਵੇਲੇ ਪੰਜਾਬੀ ਨੂੰ ਹਿੰਦੁਸਤਾਨੀ (ਜਿਸਦੀਆਂ ਹੁਣ ਦੋ ਵੰਨਗੀਆਂ ਉਰਦੂ ਅਤੇ ਹਿੰਦੀ ਹਨ) ਦੀ ਉਪਭਾਸ਼ਾ ਵੀ ਕਈ ਲੋਕ ਸਮਝਦੇ ਸਨ। ਭਾਵੇਂ ਬਹੁਤ ਸਾਰੇ ਪੰਜਾਬੀਆਂ ਨੇ ਪਹਿਲਾਂ ਉਰਦੂ ਅਤੇ ਮਗਰੋਂ ਹਿੰਦੀ ਵਿਚ ਲਿਖਣਾ ਸ਼ੁਰੂ ਕਰ ਦਿਤਾ ਪਰ ਵੀਹਵੀਂ ਸਦੀ ਵਿਚ ਨਸਰ-ਸਾਹਿਤ ਪੰਜਾਬੀ ਵਿਚ ਚੋਖਾ ਸਾਰਾ ਅਤੇ ਕਾਫ਼ੀ ਉਚੇ ਪੱਧਰ ਦਾ ਲਿਖਿਆ ਗਿਆ। ਇਸ ਤਰ੍ਹਾਂ ਪੰਜਾਬੀ ਆਲਮੀ ਪੱਧਰ ਦੀ ਭਾਸ਼ਾ ਬਣ ਗਈ। 1947 ਤੋਂ ਬਾਅਦ ਭਾਰਤੀ ਪੰਜਾਬ ਵਿਚ ਪੰਜਾਬੀ ਨੇ ਅਪਣਾ ਕੱਦ ਬਹੁਤ ਵਧਾਇਆ, ਮਗਰੋਂ ਪ੍ਰਵਾਸੀ ਪੰਜਾਬੀ ਲਿਖਾਰੀਆਂ ਨੇ ਅਤੇ ਹੁਣ ਕੁੱਝ ਸਮੇਂ ਤੋਂ ਪਾਕਿਸਤਾਨੀ ਪੰਜਾਬੀਆਂ ਨੇ ਅਪਣੀਆਂ ਲਿਖਤਾਂ ਰਾਹੀਂ ਬੱਲੇ-ਬੱਲੇ ਕਰਾਈ ਹੈ।

ਭਾਸ਼ਾ ਸਾਡੀਆਂ ਸਿਰਫ਼ ਜਜ਼ਬਾਤੀ ਲੋੜਾਂ ਹੀ ਪੂਰੀਆਂ ਨਹੀਂ ਕਰਦੀ। ਸਾਹਿਤ ਵੀ ਸਾਰਾ ਸੁੰਦਰ ਸਾਹਿਤ ਨਹੀਂ ਹੁੰਦਾ। ਰੋਜ਼ ਦੀ ਜ਼ਿੰਦਗੀ ਵਿਚ ਹੋਰ ਜ਼ਰੂਰੀ, ਘੱਟ ਜ਼ਰੂਰੀ, ਸੁਹਣੇ, ਘੱਟ ਸੋਹਣੇ, ਸਵਾਦੀ-ਘੱਟ ਸਵਾਦੀ (ਖ਼ੁਸ਼ਕ) ਕਾਰਜ ਵੀ ਕਰਨੇ ਹੁੰਦੇ ਹਨ। ਸਮਾਜ ਵਿਗਿਆਨੀ, ਵਿਗਿਆਨੀ ਅਤੇ ਹੋਰ ਬੌਧਿਕ ਕੰਮ ਕਰਨ ਵਾਲੇ ਲੋਕ ਜੇ ਸਾਰਾ ਕੰਮ ਅਪਣੀ ਭਾਸ਼ਾ ਵਿਚ ਹੀ ਕਰਨ ਤਾਂ ਉਨ੍ਹਾਂ ਦੇ ਦਿਮਾਗ਼ ’ਤੇ ਘੱਟ ਬੋਝ ਪੈਂਦਾ ਹੈ ਤੇ ਉਨ੍ਹਾਂ ਦੀ ਬੌਧਿਕ ਉਤਪਾਦਕਤਾ (productivuty) ਵੱਧ ਹੁੰਦੀ ਹੈ। ਇਸੇ ਲਈ ਸਾਰੇ ਯੂਰਪੀ ਦੇਸ਼ਾਂ ਵਿਚ ਖ਼ੁਸ਼ਕ (prosaic Literature) ਵੀ ਉਨ੍ਹਾਂ ਦੀ ਪਹਿਲੀ ਭਾਸ਼ਾ ਵਿਚ ਹੀ ਰਚਿਆ, ਪੜ੍ਹਿਆ ਅਤੇ ਵਰਤਿਆ ਜਾਂਦਾ ਹੈ। ਅੱਜ ਦੇ ਮਸ਼ੀਨੀ ਯੁਗ ਵਿਚ ਇਹ ਨਿਕੇ ਵੱਡੇ ਦੇਸ਼ ਗ਼ੈਰ ਅੰਗਰੇਜ਼ੀ ਦੇਸ਼ ਹੁੰਦੇ ਹੋਏ ਵੀ ਬਹੁਤ ਤਰੱਕੀ ਕਰ ਗਏ ਹਨ ਅਤੇ ਕਰੀ ਜਾ ਰਹੇ ਹਨ। ਇਸ ਪੱਖੋਂ ਅਸੀਂ ਪੰਜਾਬੀ ਅਜੇ ਬਹੁਤ ਪਿਛੇ ਹਾਂ।

## ਪੰਜਾਬੀ ਭਾਸ਼ਾ ਦਾ ਘੇਰਾ

ਅਸੀ ਪਹਿਲਾਂ ਵੇਖ ਚੁੱਕੇ ਹਾਂ ਕਿ ਨਿੱਕੇ ਨਿੱਕੇ ਉਪ ਭਾਸ਼ੀ ਕਬੀਲੇ ਇਕੱਠੇ ਹੋ ਕੇ ਜਾਂ ਵੱਡੇ ਬਹੁ ਭਾਸ਼ੀ ਸਾਮਰਾਜ ਟੁੱਟ ਕੇ ਅਜੋਕੀਆਂ ਕੌਮਾਂ ਸਰਮਾਏਦਾਰੀ ਦੇ ਜੁਗ ਵਿਚ ਉਭਰੀਆਂ। ਇਹ ਹੈ ਤਾਂ ਇਕ ਸਿਆਸੀ ਅਮਲ ਪਰ ਸਭਿਆਚਾਰਕ ਅਮਲ ਵੀ ਹੈ ਕਿਉਂਕਿ ਭਾਸ਼ਾਵਾਂ ਨਵੇਂ ਯੁਗ ਵਿਚ ਜਦੋਂ ਟਕਸਾਲੀ ਰੂਪ ਇਖ਼ਤਿਆਰ ਕਰਦੀਆਂ ਹਨ ਤਾਂ ਇਸੇ ਤਰ੍ਹਾਂ ਹੀ ਕਰਦੀਆਂ ਹਨ। ਪੰਜਾਬ ਵਿਚ ਕਿਸੇ ਵੇਲੇ ਬਰੂਹੀ ਬੋਲੀ ਹੁੰਦੀ ਸੀ ਫਿਰ ਇਥੇ ਇਕ ਅਤਿ ਔਖੀ ਭਾਸ਼ਾ ਸੰਸਕ੍ਰਿਤ ਬਣੀ ਅਤੇ ਫਿਰ ਪੱਛਮੀ ਏਸ਼ੀਆ ਵਿਚ ਮੁਕਾਬਲਤਨ ਸੌਖੀਆਂ ਭਾਸ਼ਾਵਾਂ ਜਿਵੇਂ ਪੰਜਾਬੀ, ਬੰਗਲਾ, ਮਰਾਠੀ, ਗੁਜਰਾਤੀ ਆਦਿ (ਵਖਰੇ ਵਖਰੇ ਖਿੱਤਿਆਂ ਵਿਚ) ਬਣੀਆਂ।

ਪੰਜਾਬੀ ਬੋਲਣ ਵਾਲਿਆਂ ਦਾ ਬਹੁਤ ਵੱਡਾ ਹਿੱਸਾ ਪਾਕਿਸਤਾਨ ਵਿਚ ਹੈ, ਜਿਥੋਂ ਇਹ ਮੁਲਤਾਨ ਤੋਂ ਤੁਰਦੀ ਤੁਰਦੀ ਪਟਿਆਲੇ, ਅੰਬਾਲੇ, ਚੰਗੀਗੜ੍ਹ, ਕਾਂਗੜੇ, ਜੰਮੂ ਆਦਿ ਤਕ ਪਹੁੰਚੀ। ਇਨ੍ਹਾਂ ਸਾਰੇ ਇਲਾਕਿਆਂ ਵਿਚ ਪੰਜਾਬੀ ਦੀਆਂ ਅੱਡ ਅੱਡ ਵੰਨਗੀਆਂ ਹਨ ਪਰ ਇਨ੍ਹਾਂ ਸਾਰੇ ਇਲਾਕਿਆਂ ਦੇ ਆਮ ਲੋਕ ਇਕ ਦੂਜੇ ਨਾਲ ਗੱਲ ਕਰ ਸਕਦੇ ਹਨ (ਖ਼ਾਸ ਕਰ ਕੇ ਟਕਸਾਲੀ ਪੰਜਾਬੀ ਦੇ ਹਵਾਲੇ ਨਾਲ)। 19ਵੀਂ ਤੋਂ 20ਵੀਂ ਸਦੀ ਵਿਚ ਥੋੜ੍ਹੀ ਥੋੜ੍ਹੀ ਸਰਮਾਏਦਾਰੀ ਮੰਡੀ ਅਰਥਚਾਰਾ ਵਧਿਆ, ਇਸ ਦੇ ਨਾਲ ਸਾਰੇ ਲੋਕਾਂ ਦਾ ਆਪਸ ਵਿਚ ਆਣਾ ਜਾਣਾ ਵੀ ਵਧਿਆ ਅਤੇ ਇਸ ਇਲਾਕੇ ਦੇ ਕੇਂਦਰ ਲਾਹੌਰ ਅੰਮ੍ਰਿਤਸਰ ਦੇ ਮਾਝੇ ਦੀ ਬੋਲੀ ਰੀੜ੍ਹ ਦੀ ਹੱਡੀ ਬਣੀ ਅਤੇ ਟਕਸਾਲੀ ਪੰਜਾਬੀ ਭਾਸ਼ਾ ਸਜੀ।

ਪੰਜਾਬੀ ਭਾਸ਼ਾ ਦਾ ਹਾਲੇ ਟਕਸਾਲੀਕਰਣ ਹੋ ਹੀ ਰਿਹਾ ਸੀ ਕਿ ਡੋਗਰੀ ਜੰਮੂ ਖੇਤਰ ਵਿਚ ਥੋੜ੍ਹੀ ਬਹੁਤ ਟਕਸਾਲੀਕਰਣ ਵੱਲ ਤੁਰ ਪਈ ਪਰ ਕਾਂਗੜੇ ਵਾਲੀ ਡੋਗਰੀ ਹਿੰਦੀ ਵਲ ਟੁਰ ਪਈ। ਪਾਕਿਸਤਾਨ ਵਿਚ ਸਰਾਇਕੀ ਨਾਂ ਥੱਲੇ ਬਾਬਾ ਸ਼ੇਖ਼ ਫਰੀਦ ਬਾਬੇ-ਏ-ਪੰਜਾਬੀ ਕੌਮ ਦੇ ਅਪਣੇ ਘਰ ਮੁਲਤਾਨ ਤੋਂ ਸਿੰਧ ਵਾਲੇ ਪਾਸੇ ਸਰਕਣ ਲੱਗ ਪਈ।

ਸਰਾਇਕੀ ਦਾ ਵੱਡੇ ਪੰਜਾਬੀ ਘਰ ਤੋਂ ਸਰਕ ਜਾਣਾ ਕਾਫ਼ੀ ਮੁਸ਼ਕਲ ਹੀ ਜਾਪਦਾ ਹੈ। ਇਧਰ ਭਾਰਤੀ ਪੰਜਾਬ ਵਿਚ ਪੁਆਧੀ ਅਤੇ ਬਾਗੜੀ ਨਾਂ ਪੂਰੀ ਤਰ੍ਹਾਂ ਟਕਸਾਲੀ ਪੰਜਾਬੀ ਵਿਚ ਰਚੀਆਂ ਹਨ ਅਤੇ ਨਾਂ ਹਿੰਦੀ ਵਿਚ। ਐਪਰ ਇਹ ਹਿੰਦੀ ਨਾਲੋਂ ਪੰਜਾਬੀ ਵੱਲ ਵਧੇਰੇ ਰੁਚਿਤ ਹੋ ਰਹੀਆਂ ਹਨ ਕਿਉਂਕਿ ਪਾਕਿਸਤਾਨ ਤੋਂ ਪੰਜਾਬੀ ਇਨ੍ਹਾਂ ਇਲਾਕਿਆਂ ਵਿਚ ਕਾਫ਼ੀ ਗਿਣਤੀ ਵਿਚ ਆ ਵੱਸੇ ਸਨ।

ਜਦੋਂ ਅੱਜ ਦੁਨੀਆਂ ਇਕ ਮਹਾਨ ਪਿੰਡ ਬਣ ਰਹੀ ਹੈ ਪੰਜਾਬੀ ਭਾਸ਼ੀ ਲੋਕ ਸਾਰੀ ਦੁਨੀਆਂ ਵਿਚ ਖਿਲਰ ਗਏ ਹਨ ਪਰ ਹਾਲੇ ਵੀ ਇਨ੍ਹਾਂ ਦੀ ਅਕਸਰੀਅਤ (ਬਹੁ ਗਿਣਤੀ) ਪਾਕਿਸਤਾਨੀ ਅਤੇ ਭਾਰਤੀ ਪੰਜਾਬ ਵਿਚ ਹੀ ਹੈ। ਇਨ੍ਹਾਂ ਦੋਵੇਂ ਪੰਜਾਬਾਂ ਵਿਚ ਕੁੱਝ ਗ਼ੈਰ ਪੰਜਾਬੀ ਅਕਲੀਅਤਾ (ਘੱਟ ਗਿਣਤੀਆਂ) ਵੀ ਹਨ ਜਿਨ੍ਹਾਂ ਵਿਚੋਂ ਕੁਝ ਲੋਕ (ਖ਼ਾਸ ਕਰ ਪਿੰਡਾਂ ਵਿਚ ਵਸਦੇ) ਪੰਜਾਬੀ ਭਾਸ਼ਾ ਤੇ ਸਭਿਆਚਾਰ ਵਿਚ ਸਮੋਏ ਜਾ ਰਹੇ ਹਨ ਅਤੇ ਕੁੱਝ ਅਪਣੀ ਵੱਖਰੀ ਭਾਸ਼ਾਈ ਪਹਿਚਾਣ ਬਣਾਈ ਰਖਣ ਲਈ ਯਤਨਸ਼ੀਲ ਹਨ। ਇਸੇ ਤਰ੍ਹਾਂ ਭਾਰਤ ਅਤੇ ਪਾਕਿਸਤਾਨ ਦੇ ਹੋਰ ਸੂਬਿਆਂ ਵਿਚ ਕਾਫ਼ੀ ਗਿਣਤੀ ਵਿਚ ਪੰਜਾਬੀ ਭਾਸ਼ੀ ਲੋਕ ਪੰਜਾਬੀ ਬੋਲੀ ਅਤੇ ਸਭਿਆਚਾਰ ਨਾਲ ਹਾਲੀ ਵੀ ਜੁੜੇ ਹੋਏ ਹਨ। ਲੋਹੜੀ ਬੜੇ ਸ਼ੌਕ ਨਾਲ ਮਨਾਉਂਦੇ ਹਨ ਅਤੇ ਖ਼ੂਬ ਫੁੱਲੇ ਰਿਓੜੀਆਂ ਖਾਂਦੇ, ਲੋਹੜੀ ਬਾਲਦੇ ਅਤੇ ਦੁੱਲੇ ਭੱਟੀ ਦਾ ਗੀਤ ਗਾਉਂਦੇ ਹਨ।

ਭਾਰਤੀ ਪੰਜਾਬ ਦੀ 2001 ਵਿਚ ਕੁਲ ਵਸੋਂ 2.42 ਕਰੋੜ ਸੀ ਅਤੇ ਪਾਕਿਸਤਾਨੀ ਪੰਜਾਬ ਦੀ 1997 ਵਿਚ 7.36 ਕਰੋੜ। ਕੁਲ ਭਾਰਤ, ਪਾਕਿਸਤਾਨ ਅਤੇ ਬਾਕੀ ਦੁਨੀਆਂ ਵਿਚ ਪੰਜਾਬੀ ਭਾਸ਼ੀਆਂ ਦੀ ਗਿਣਤੀ 13-14 ਕਰੋੜ ਸਮਝੀ ਜਾਂਦੀ ਹੈ, ਜਿਹੜੀ ਕਿ ਫ਼ਰਾਂਸ ਅਤੇ ਜਰਮਨੀ ਦੀ ਮਿਲਾ ਕੇ ਕੁੱਲ ਆਬਾਦੀ ਨਾਲੋਂ ਥੋੜ੍ਹੀ ਘੱਟ ਹੈ। ਹੁਣ ਸੋਚਿਆ ਜਾਵੇ ਕਿ ਜੇਕਰ ਇਹ 14 ਕਰੋੜ ਲੋਕ ਪੰਜਾਬੀ ਵਿਚ ਪੜ੍ਹ ਲਿਖ ਜਾਣ ਭਾਵੇਂ ਗੁਰਮੁਖੀ, ਸ਼ਾਹਮੁਖੀ ਜਾਂ ਕਿਸੇ ਹੋਰ ਮੁਖੀ ਵਿਚ ਤਾਂ ਇਨ੍ਹਾਂ ਪੜ੍ਹੇ ਲਿਖੇ ਸਮਰੱਥ ਪੰਜਾਬੀਆਂ ਦੀ ਸਭਿਆਚਾਰਕ ਭੁੱਖ ਮਿਟਾਉਣ ਲਈ ਕਿੰਨੀਆਂ ਕਿਤਾਬਾਂ, ਰਸਾਲੇ, ਅਖ਼ਬਾਰਾਂ, ਫ਼ਿਲਮਾਂ, ਸੀਡੀਆਂ, ਡੀਵੀਡੀਆਂ ਬਣ ਕੇ ਵਿਕ ਸਕਦੀਆਂ ਹਨ। ਇਹ ਤਾਂ ਇਕ ਸਭਿਆਚਾਰਕ ਇਨਕਲਾਬ ਵੀ ਨਹੀਂ ਸਗੋਂ ਆਰਥਕ ਇਨਕਲਾਬ ਹੀ ਹੋ ਨਿਬੜੇਗਾ। ਜੇਕਰ ਅਤੇ ਜਦੋਂ ਵੀ ਅਜਿਹਾ ਹੋ ਗਿਆ ਤਾਂ ਪੰਜਾਬੀ ਕੌਮ ਦਾ ਦੁਨੀਆਂ ਭਰ ਵਿਚ ਡੰਕਾ ਵਜਣਾ ਕੁਦਰਤੀ ਹੈ। ਬਹੁਤ ਆਸ਼ਾਵਾਦੀ ਤਾਂ ਇਹ ਕਹਿਣਗੇ ਕਿ ਅਜਿਹਾ ਅੱਜ ਨਹੀਂ ਤਾਂ ਕਲ ਹੋਣ ਹੀ ਵਾਲਾ ਹੈ। ਪਰ ਇਹ ਹੋਣਾ ਲੋੜੀਂਦਾ ਜ਼ਰੂਰ ਹੈ।

## ਕੌਮ, ਰਾਜ ਅਤੇ ਦੇਸ਼

ਅਸੀਂ ਸ਼ੁਰੂ ਵਿਚ ਹੀ ਕੌਮ–ਰਾਜ–ਦੇਸ਼ ਦੀ ਤ੍ਰਿਕੜੀ ਦਾ ਜ਼ਿਕਰ ਕੀਤਾ ਸੀ। ਹੁਣ ਇਸ ਤ੍ਰਿਕੜੀ ਨੂੰ ਸਮਝਣ ਵਿਚ ਕਾਫ਼ੀ ਸੌਖ ਹੋ ਗਈ ਹੈ। ਦੇਸ਼ ਜਾਂ ਸੂਬਾ ਤਾਂ ਧਰਤੀ ਦਾ ਇਕ ਟੁਕੜਾ ਹੀ ਹੁੰਦਾ ਹੈ ਜਿਸ ਦਾ ਅਧਿਐਨ ਭੂਗੋਲ ਵਾਲੇ ਕਰਦੇ ਹਨ। ਐਪਰ ਯੂਨਾਈਟਿਡ ਸਟੇਟਸ ਆਫ਼ ਅਮਰੀਕਾ, ਭਾਰਤ ਅਤੇ ਕਈ ਹੋਰ ਦੇਸ਼ ਆਪਣੇ ਸੂਬਿਆਂ (provinces) ਨੂੰ ਸਟੇਟ ਦਾ ਨਾਂ ਦਿੰਦੇ ਹਨ। ਇਸ ਕਾਰਨ ਲਫ਼ਜ਼ਾਂ ਦੇ ਅਰਥਾਂ ਬਾਰੇ ਭੰਬਲਭੂਸਾ ਪਾ ਦਿੰਦੇ ਹਨ। ਨਾਲ ਹੀ ਇਹ ਦੇਸ਼ ਨੂੰ ਕੌਮ ਸ਼ਬਦ ਨਾਲ ਅਕਸਰ ਅਦਲ ਬਦਲ ਕਰ ਬੈਠਦੇ ਹਨ ਅਤੇ ਨਤੀਜਾ ਇਹ ਹੁੰਦਾ ਹੈ ਕਿ ਸੰਕਲਪਾਂ ਨੂੰ ਸਮਝਣਾ ਹੋਰ ਵੀ ਧੁੰਦਲਾ ਪੈ ਜਾਂਦਾ ਹੈ।

ਅਸੀਂ ਕਾਫ਼ੀ ਲੰਮੀ ਬਹਿਸ ਤੋਂ ਬਾਅਦ ਇਹ ਸਮਝਦੇ ਹਾਂ ਕਿ ਕੌਮ ਇਕ ਸਭਿਆਚਾਰਕ ਸੰਕਲਪ ਹੈ। ਅਸੀਂ ਇਹ ਵੀ ਸਮਝਿਆ ਹੈ ਕਿ ਕਿਸੇ ਵੀ ਸਭਿਆਚਾਰ ਦੀ ਸੱਭ ਤੋਂ ਵੱਡੀ ਪਹਿਚਾਣ ਉਸ ਦੀ ਭਾਸ਼ਾ ਹੁੰਦੀ ਹੈ ਕਿਉਂ ਜੋ ਭਾਸ਼ਾ ਦੇ ਵਿਕਾਸ ਅਤੇ ਵਰਤੋਂ ਨਾਲ ਸਭਿਆਚਾਰਕ ਮਨੁੱਖ-ਸਮੂਹ ਬੌਧਿਕ ਤੌਰ ’ਤੇ ਤਾਕਤਵਰ ਬਣਦੇ ਹਨ ਅਤੇ ਆਰਥਕ, ਸਮਾਜਕ, ਸਭਿਆਚਾਰਕ ਤੌਰ ’ਤੇ ਤਰੱਕੀ ਕਰਦੇ ਹਨ।

ਰਾਜ (state) ਇਕ ਸਿਆਸੀ ਜਾਂ ਰਾਜਨੀਤਕ ਸੰਕਲਪ ਹੈ। ਰਾਜਨੀਤੀ ਰਾਜ ਹਾਸਲ ਕਰਨ ਅਤੇ ਸਭਿਆਚਾਰਕ, ਆਰਥਕ, ਪ੍ਰਸ਼ਾਸਨਕ, ਫ਼ੌਜੀ ਆਦਿ ਨੀਤੀ ਘੜਨ ਅਤੇ ਅਮਲ ਵਿਚ ਲਿਆਉਣ ਦੇ ਗਿਆਨ ਦਾ ਨਾਂ ਹੈ। ਕਿਸੇ ਸਮੇਂ ਵਿਚ ਰਾਜ ਸੱਤਾ ਮੁੱਖ ਤੌਰ ’ਤੇ ਬਾਹੂ ਬਲ ਨਾਲ ਹਥਿਆਈ ਜਾਂਦੀ ਸੀ। ਉਹ ਜ਼ਮਾਨਾ ‘ਜਿਸ ਦੀ ਲਾਠੀ ਉਸ ਦੀ ਮੱਝ’ ਵਾਲਾ ਸੀ। ਜ਼ਮਾਨੇ ਨੇ ਕਰਵਟ ਬਦਲੀ ਹੈ। ਹੁਣ ਬੁੱਧੀ ਬਲ ਬਾਹੂ ਬਲ ਨਾਲੋਂ ਪ੍ਰਬਲ ਹੋ ਗਿਆ ਹੈ। ਹੁਣ ਤਾਂ ਖੇਡ ਮੈਦਾਨ ਵਿਚ ਵੀ ਸਰੀਰਕ ਬਲ ਦਾ ਮੁਕਾਬਲਾ ਦਿਮਾਗ਼ੀ ਤਾਕਤ ਉਤੇ ਨਿਰਭਰ ਕਰਨ ਲੱਗ ਪਿਆ ਹੈ। ਇਸ ਜਮਹੂਰੀਅਤ ਦੇ ਯੁਗ ਵਿਚ ਪੰਜਾਬੀ ਲੋਕ ਉਹ ਜਿਥੇ ਵੀ ਵਸਦੇ ਹੋਣ ਉਹ ਹਸਦੇ ਤਾਂ ਹੀ ਰਹਿ ਸਕਦੇ ਹਨ ਜੇ ਉਹ ਆਪਸੀ ਸਹਿਯੋਗ ਦੀ ਸਿਆਸਤ ਕਰਨ ਅਤੇ ਆਪਣੇ ਬੁੱਧੀ ਬਲ ਨੂੰ ਵਧਾਉਣ।

## ਪੰਜਾਬੀ ਕੌਮ ਦੀ ਹਕੀਕਤ

14 ਕਰੋੜ ਪੰਜਾਬੀਆਂ ਦੀ ਦਿਲ ਦੀ ਧੜਕਨ ਇਕਸਾਰ, ਇਕਸੁਰ ਤਾਂ ਨਹੀਂ ਕਹੀ ਜਾ ਸਕਦੀ ਪਰ ਜਿਸ ਤਰ੍ਹਾਂ ਨਾਲ ਅਟਾਰੀ ਵਾਘਾ ਦਾ ਪੈਦਲ ਰਸਤਾ ਖੁਲਦਿਆਂ ਹੀ ਸਾਰੇ ਸੰਸਾਰ ਦੇ ਪੰਜਾਬੀਆਂ ਨੇ ਪਛਮੀ ਏਸ਼ੀਆ ਵਿਚ ਅਮਨ ਦੀ ਫ਼ਿਜ਼ਾ ਪੈਦਾ ਕੀਤੀ ਹੈ ਇਸ ਨੇ ਪੰਜਾਬੀ ਕੌਮ ਨੂੰ ਇਕ ਹੁਲਾਰਾ ਦਿਤਾ ਹੈ। ਸਰਹੱਦਾਂ ਨੂੰ ਖ਼ਤਮ ਕਰਨਾ ਕਿਸੇ ਸਿਰਫਿਰੇ ਦੇ ਏਜੰਡੇ ਉਤੇ ਤਾਂ ਹੋ ਸਕਦਾ ਹੈ ਪਰ ਪੂਰੀ ਹੋਸ਼ ਹਵਾਸ ਵਿਚ ਕੋਈ ਪੰਜਾਬੀ ਅਜਿਹੀ ਗੱਲ ਸੋਚ ਵੀ ਨਹੀਂ ਸਕਦਾ। ਹਾਂ ਕਈ ਪੰਜਾਬੀ ਚਿੰਤਕ 14 ਕਰੋੜ ਪੰਜਾਬੀਆਂ ਦੇ ਸਭਿਆਚਾਰਕ, ਆਰਥਕ ਅਤੇ ਸਿਆਸੀ ਮਿਲਵਰਤਣ ਨੂੰ ਅੱਗੇ ਤੋਰਨ ਦੇ ਅਮਲ ਬਾਰੇ ਸੋਚਦੇ ਹਨ ਅਤੇ ਇਹ ਪੰਜਾਬੀ ਕੌਮ ਲਈ ਜ਼ਰੂਰੀ ਵੀ ਹੈ।

---------------------------------------------------